**ਦਫਤਰ ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ**

**ਮੰਜਿਲ, ਈ-ਬਲਾਕ, ਪੰਜਾਬ ਸਕੂਲ ਸਿੱਖਿਆ ਬੋਰਡ ਕੰਪਲੈਕਸ, ਫੇਜ਼-8, ਐਸ.ਏ.ਐਸ.ਨਗਰ**

**(ਵਜੀਫਾ ਸ਼ਾਖਾ)**

ਵੱਲ

ਸਮੂਹ ਜਿਲਾ ਸਿੱਖਿਆ ਅਫਸਰ (ਸੈ.ਸਿ/ਐ.ਸਿ)
ਪੰਜਾਬ।
ਮੀਮੋ ਨੰ. ਈ-79685/2026|03/93
ਮਿਤੀ- 17-04-2026

ਵਿਸਾ- **Regarding 100% Mandatory Biometric Update (MBU) of children studying in schools of the State।**

ਹਵਾਲਾ:- ਇਸ ਦਫਤਰ ਦੇ ਮੀਮੋ ਮੀਮੋ ਨੰ. ਈ-79685/202676561,ਮਿਤੀ- 19-03-2026 ਅਤੇ 13-04-2026 ਨੂੰ ਹੋਈ ਮੀਟਿੰਗ ਸਬੰਧੀ।

ਉਪਰੋਕਤ ਵਿਸ਼ੇ ਤੇ ਹਵਾਲਾ ਅਧੀਨ ਪੱਤਰ ਦੇ ਸਬੰਧ ਵਿੱਚ ਆਪ ਦੇ ਧਿਆਨ ਵਿੱਚ ਲਿਆਂਦਾ ਜਾਂਦਾ ਹੈ ਕਿ ਭਾਰਤ ਸਰਕਾਰ ਵਲੋਂ 5 ਤੋਂ 15 ਸਾਲ ਦੀ ਉਮਰ ਵਿੱਚ ਅਧਾਰ ਅਪਡੇਸ਼ਨ ਲਾਜ਼ਮੀ ਹੈ। ਪੰਜ (5) ਸਾਲ ਦੀ ਉਮਰ ਹੋਣ ਤੇ, ਬੱਚੇ ਦੀ ਪਹਿਲੀ ਵਾਰ ਬਾਇਉਮੈਟ੍ਰਿਕ ਅਪਡੇਸ਼ਨ ਕਰਵਾਉਣ ਨੂੰ MBU1 ਕਿਹਾ ਜਾਂਦਾ ਹੈ। ਪੰਦਰਾਂ ਸਾਲ (15) ਦੀ ਉਮਰ ਹੋਣ 'ਤੇ, ਬਾਇਓਮੈਟ੍ਰਿਕ ਦੁਬਾਰਾ ਅਪਡੇਟ ਕਰਨ ਦੀ ਲੋੜ ਹੁੰਦੀ ਹੈ। ਇਸਨੂੰ MBU2 ਵਜੋਂ ਜਾਣਿਆ ਜਾਂਦਾ ਹੈ। ਭਾਰਤ ਸਰਕਾਰ ਵਲੋਂ ਵਿੱਦਿਆਰਥੀਆਂ ਦੀ Mandatory Biometric Update (MBU) ਲਗਾਤਾਰ ਉਪਰਾਲੇ ਕੀਤੇ ਜਾ ਰਹੇ ਹਨ ਅਤੇ ਇਸ ਸਬੰਧੀ ਕੈਪਾਂ ਦਾ ਆਯੋਜਨ ਵੀ ਕੀਤਾ ਜਾ ਰਿਹਾ ਹੈ।

ਇਸੇ ਤਹਿਤ ਵੱਖ ਵੱਖ Mandatory Biometric Update (MBU) ਟੀਮਾਂ ਵਲੋਂ ਪ੍ਰਾਇਮਰੀ, ਹਾਈ ਤੇ ਸੈਕੰਡਰੀ ਸਕੂਲਾਂ ਵਿੱਚ ਵਿਜਿਟ ਕਰਦੇ ਹੋਏ ਕੈਪਾਂ ਦਾ ਆਯੋਜਨ ਕੀਤਾ ਜਾਂਦਾ ਹੈ ਤਾਂ ਜੋ ਵੱਧ ਤੋਂ ਵੱਧ ਵਿੱਦਿਆਰਥੀਆਂ ਦੀ Adhaar Authentication ਕੀਤੀ ਜਾ ਸਕੇ।

ਇਸ ਲਈ ਆਪ ਨੂੰ ਲਿਖਿਆ ਜਾਂਦਾ ਹੈ ਕਿ ਉੱਕਤ ਅਨੁਸਾਰ ਆਪਣੇ ਅਧੀਨ ਆਉਂਦੇ ਸਮੂਹ ਸਕੂਲਾਂ ਨੂੰ ਆਧਾਰ ਅਪਡੇਸ਼ਨ ਦੇ ਕੰਮ ਲਈ ਨਿਯੁਕਤ ਕੀਤੇ ਗਏ ਸਟਾਫ ਨੂੰ ਪੂਰਨ ਸਹਿਯੋਗ ਦੇਣਾ ਯਕੀਨੀ ਬਣਾਇਆ ਜਾਵੇ ਇਹਨਾਂ ਟੀਮਾਂ ਨਾਲ ਕੋਆਰਡੀਨੇਸ਼ਨ / ਕੋਆਪਰੇਸ਼ਨ ਲਈ ਪਾਬੰਦ ਕੀਤਾ ਜਾਣਾ ਯਕੀਨੀ ਬਣਾਇਆ ਜਾਵੇ ਤਾਂ ਜੋ ਵੱਧ ਤੋਂ ਵੱਧ ਵਿੱਦਿਆਰਥੀ Adhaar Authentication ਅਧੀਨ ਕਵਰ ਹੋ ਸਕਣ ਕਿਉਂ ਜੋ ਮਿਤੀ 13-04-2026 ਨੂੰ ਸਟੇਟ ਨੋਡਲ ਅਫ਼ਸਰ (UID) ਵਲੋਂ ਸਮੂਹ ਡੀ.ਈ.ਓਜ਼ ਨਾਲ ਹੋਈ ਮੀਟਿੰਗ ਵਿੱਚ ਵੀ ਇਹ ਮੁੱਦਾ ਸਾਹਮਣਾ ਆਇਆ ਸੀ ਕਿ ਕਈ ਸਕੂਲਾਂ ਵਲੋਂ ਟੀਮਾਂ ਨਾਲ ਸਹਿਯੋਗ ਨਹੀਂ ਕੀਤਾ ਜਾ ਰਿਹਾ ਜਿਸ ਕਾਰਨ Adhaar Authentication ਦਾ ਕੰਮ ਲੰਬਿਤ ਹੋ ਰਿਹਾ ਹੈ

ਇਸੇ ਤਰ੍ਹਾਂ ਪ੍ਰਾਈਵੇਟ ਸਕੂਲਾਂ ਦੇ ਜਿਆਦਾਤਰ ਵਿਦਿਆਰਥੀਆਂ ਦੇ ਆਧਾਰ ਅੱਪਡੇਟ ਨਹੀਂ ਹਨ ਆਪਣੇ ਜਿਲ੍ਹੇ ਦੇ ਸਮੂਹ ਪ੍ਰਾਈਵੇਟ ਸਕੂਲਾਂ ਨੂੰ ਵੀ ਹਦਾਇਤਾਂ ਕੀਤੀਆ ਜਾਣ ਕਿ ਉਹ ਆਪਣੇ ਵਿਦਿਆਰਥੀਆਂ ਦੇ ਆਧਾਰ ਅਪਡੇਟ ਕਰਨੇ ਯਕੀਨੀ ਬਣਾਉਣ।

17.04.2026

ਸਹਾਇਕ ਡਾਇਰੈਕਟਰ (ਵਜੀਫਾ)

Scanned with OKEN Scanne

ਦਫਤਰ ਜ਼ਿਲ੍ਹਾ ਸਿੱਖਿਆ ਅਫਸਰ (ਸੈ:ਸਿ) ਬਠਿੰਡਾ

ਪਿੱਠ ਅੰਕਣ ਨੰ: ਸੀ-5/11/2026 /359 ਮਿਤੀ: 17-04-2026

ਉਪਰੋਕਤ ਦੇ ਹਵਾਲਾ ਅਨੁਸਾਰ ਪ੍ਰਾਇਮਰੀ/ਸੈਕੰਡਰੀ ਸਕੂਲ ਮੁਖੀਆਂ ਨੂੰ ਭੇਜ ਕੇ ਲਿਖਿਆ ਜਾਂਦਾ ਹੈ ਕਿ Adhar Athentication ਦਾ ਕੰਮ ਸੰਬੰਧੀ ਉਕਤ ਕੰਮ ਸਬੰਧਤ ਸੁਵਿਧਾ ਟੀਮ ਮੈਂਬਰਾਂ ਨੂੰ ਪੂਰਨ ਸਹਿਯੋਗ ਦਿੱਤਾ ਜਾਵੇ ਤਾਂ ਜੋ ਸਬੰਧਤ Pendency ਨੂੰ ਖਤਮ ਕੀਤਾ ਜਾ ਸਕੇ।

17/04/26

ਉਪ ਜ਼ਿਲ੍ਹਾ ਸਿੱਖਿਆ ਅਫਸਰ (ਸ)
ਬਠਿੰਡਾ

17/04/26